# ਪਾਂਧੀ

ਨਿਰਮਲ ਸਿੰਘ ਨਿਰਮਲ

پاندھی

G-1089

ਲਾਹੌਰ

**ਪੰਜ ਦਰਿਆ**

ਨਿਸਬਤ ਰੋਡ

੮੯੧.੪੨੧
ਕਿ੭੨ ਪੰ
28808

*Copy Right*

First Published in 1943
Rs. 1/8/-

Printed at the Mercantile Press, Chamberlain Road, Lahore, by S. Nirmal Singh Nirmal and Published by him at Lahore.

# ਜਾਣ ਪਛਾਣ

## ਡਾ: ਅਵਤਾਰ ਸਿੰਘ ਦਲੇਰ, ਆਰਗਨਾਈਜ਼ਿੰਗ ਸੈਕ੍ਰੇਟਰੀ ਆਲ ਇੰਡੀਆ ਪੰਜਾਬੀ ਸਭਾ

'ਪਾਂਧੀ' ਵਾਲਾ ਨਿਰਮਲ ਸਿੰਘ ਪਿਛਲੇ ਸਾਲ ੧੯੪੨ ਵਿਚ ਹਾਲੀ ਡੀ. ਏ. ਵੀ. ਕਾਲਜ ਜਾਲੰਧਰ ਦਾ ਵਿਦਿਆਰਥੀ ਸੀ । ਤੇ ਇਸੇ ਸਾਲ ਅੱਠ ਮਾਰਚ ਨੂੰ ਪੰਜਾਬੀ ਕਾਨਫਰੰਸ ਜਾਲੰਧਰ ਦੇ ਇਜਲਾਸ ਵਿਚ ਇਸ ਨੇ ਪਹਿਲੀ ਵੇਰ ਆਪਣੀ ਕਵਿਤਾ ਪੜ੍ਹੀ। 'ਨਿਰਮਲ' ਜੀ ਦੀ ਇਸ ਕਵਿਤਾ ਤੋਂ ਜੋ ਭਾਵੇਂ ਮੁਢਲੀਆਂ ਕੋਸ਼ਸ਼ਾਂ ਦਾ ਨਤੀਜਾ ਸੀ ਪਰ ਰਸੇ ਹੋਏ ਤੇ ਸੁਚੱਜੇ ਖਿਆਲਾਂ ਦਾ ਨਚੋੜ ਮਾਲੂਮ ਹੁੰਦੀ ਸੀ, ਮੈਨੂੰ ਤੇ ਮੇਰੇ ਹੋਰ ਦੋਸਤਾਂ ਨੂੰ ਆਸ ਬੱਝ ਗਈ ਸੀ ਕਿ ਸਾਹਿਤ ਦਾ ਇਹ ਨਵਾਂ ਨਵਾਂ ਪਾਂਧੀ ਛੇਤੀ ਹੀ ਮੰਜ਼ਲ ਤੇ ਪੁਜ ਜਾਵੇਗਾ ।

ਅਜ ਇਕ ਸਾਲ ਬਾਦ ਸਾਡਾ ਉਹ ਭਵਿਖਤ ਦਾ ਸੁਫਨਾ ਪੂਰਾ ਹੋਇਆ ਜਾਪਦਾ ਹੈ । ਤੇ ਇਸ ਜ਼ਿੰਦਾ-ਦਿਲ ਨੌਜਵਾਨ ਦੀ ਅਥੱਕ ਮੇਹਨਤ ਦਾ ਨਤੀਜਾ ਪਾਠਕਾਂ ਦੇ ਸਾਹਵੇਂ ਹੈ ।

'ਨਿਰਮਲ' ਜੀ ਦਾ ਜਨਮ ੫-੧-੨੪ ਨੂੰ ਜ਼ਿਲਾ ਹੁਸ਼ਆਰ ਪੁਰ ਦੇ ਇਕ ਮਸ਼ਹੂਰ ਨਗਰ 'ਬਡੋਂ' ਵਿਚ ਹੋਇਆ । ਜਿਸਦੇ ਹਿਸਾਬ ਨਾਲ ਇਹ 'ਪਾਂਧੀ' ਕੇਵਲ ੧੯ ਬਰਸ ਦੀ ਛੋਟੀ ਉਮਰ ਵਿਚ, ਪੰਜਾਬੀ ਦੇ ਕਈ ਵਡੇ ਤੇ ਪ੍ਰਸਿਧ ਕਵੀਆਂ ਨਾਲੋਂ ਪੰਜਾਬੀ ਸਾਹਿਤ ਦਾ ਵਧੇਰੇ ਚੰਗਾ ਤੇ ਸਾਹਿਤ ਦਾ ਸਫਲ ਸੰਗ੍ਰਹਿ ਦੇ ਰਿਹਾ ਹੈ।

ਆਪਣੇ ਪਿੰਡ ਦੇ ਹਾਈ ਸਕੂਲ ਵਿਚ ਦਸਵੀਂ ਜਮਾਤ ਤਕ ਵਿਦਿਆ ਪ੍ਰਾਪਤ ਕਰਨ ਦੇ ਕਾਰਨ ਕਵੀ ਨੂੰ ਪਿੰਡ ਦੀ ਰਹਿਣੀ ਬਹਿਣੀ ਤੇ ਪੇਂਡੂ ਜ਼ਿੰਦਗੀ ਦਾ ਵਧੇਰੇ ਤਜਰਬਾ ਹੈ । ਤੇ ਕਲਮ ਵਿਚ ਜ਼ੋਰ ਹੋਣ ਦੇ ਕਾਰਨ ਕੁਦਰਤ, ਆਜ਼ਾਦ ਫਜ਼ਾ, ਜਵਾਨੀ, ਹੁਸਨ, ਗਰੀਬੀ ਤੇ ਖੁਲ੍ਹ ਨੂੰ ਇਕ ਸੁਚੱਜੇ ਕਲਾਕਾਰ ਵਾਂਗ ਚਿਤ੍ਰਦਾ ਹੋਇਆ ਕਿਸੇ ਸੁਹਾਣੀ ਜੂਹ ਦਾ ਹੂ-ਬਹੂ ਤਸਵੀਰ ਅਖੀਆਂ ਸਾਹਵੇਂ ਲਿਆ ਦੇਂਦਾ ਹੈ। (ਵੇਖੋ 'ਜੂਹ ਵਿਚ ਕੁਝ ਸਾਹ')

ਅੱਗੇ ਚਲ ਕੇ ਕਵੀ ਪਿੰਡਾਂ ਦੇ ਕਿਰਤੀਆਂ ਦੇ ਜੀਵਨ ਤੋਂ ਪ੍ਰੇਰਤ

ਹੋ ਕੇ "ਜ਼ਿੰਦਗੀ ਤੇ ਜ਼ਿੰਦਗੀ" ਵਾਲੀ ਕਵਿਤਾ ਵਿਚ ਲਿਖਦਾ ਹੈ:

'ਜ਼ਿੰਦਗੀ ਤੇ ਜ਼ਿੰਦਗੀ' ਵਿਚ ਫਰਕ ਹੈ ?
ਜਿਸ ਲਈ ਹੈ ਵੱਸ ਰਹੀ ਇਹ ਜ਼ਿੰਦਗੀ ਕੁਝ ਮੈਤੋਂ ਦੂਰ
ਜਿਸ ਲਈ ਹੈ ਨੱਸ ਰਹੀ ਇਹ ਜ਼ਿੰਦਗੀ ਕੁਝ ਮੈਤੋਂ ਦੂਰ
ਮੇਰਾ ਜੀਵਨ ਜਿਸ ਲਈ ਇਹ ਜੀਉਂਦਾ ਹੀ ਨਰਕ ਹੈ !

ਪਰ ਇਸ ਤੋਂ ਅਗਲੀ ਕਵਿਤਾ ਵਿਚ ਹੀ ਮਜ਼ਦੂਰ ਦੀ ਯੁਗ-ਪ੍ਰੀਵਰਤਕ ਸ਼ਕਤੀ ਦਾ ਇਹਸਾਸ ਕਰ ਕੇ ਸਰਮਾਏਦਾਰ ਨੂੰ ਖ਼ਬਰਦਾਰ ਕਰਦਾ ਹੈ ਕਿ:

"ਨਫਰਤ ਦੀ ਠੋਕਰ ਲਗਾਈਂ ਤੂੰ ਬੱਚ ਕੇ
ਨਾਕਾਰਾ ਜਹੇ ਰਾਹ ਦੇ ਪਥਰ ਇਹ ਤਕ ਕੇ
ਪੱਥਰ ਦੇ ਸੀਨੇ ਦੀ ਲੁਕਵੀਂ ਚੰਗਾਰੀ !
ਜਲਾ ਦੇਵੇਗੀ ਸਾਰੀ ਸਰਮਾਏਦਾਰੀ !
(ਸਰਮਾਏਦਾਰ ਨੂੰ)

ਅਗਾਹਾਂ ਵਧੂ ਖ਼ਿਆਲਾਂ ਦਾ ਹੋਣ ਕਰਕੇ ਕਵੀ ਦਾ ਵਧੇਰੇ ਝੁਕਾਓ ਸਰਵ-ਸਾਂਝਤਾ ਵਲ ਹੈ। ਜਿਹਾ ਕਿ ਇਸ ਦੀਆਂ ਕਵਿਤਾਵਾਂ ਵਿਚੋਂ ਥਾਂ ਥਾਂ ਝਲਕਦਾ ਹੈ। ਖਾਸ ਕਰ 'ਸਵਰਨ ਨੂੰ', 'ਕੀ ਹੋਇਆ ਤੂੰ ਦੂਰ', ਤੇ 'ਸੋਹਣੀਏ ਛਡ ਦੇ ਮੇਰਾ ਰਾਹ' ਆਦਿ ਕਵਿਤਾਵਾਂ ਤਾਂ ਉੱਚ ਪਾਏ ਦੀਆਂ ਹਨ।

ਭਾਵੇਂ ਮੈਂ ਉਪ੍ਰੋਕਤ ਕੁਝ ਸਤਰਾਂ ਨਿਰਮਲ ਜੀ ਦੀ ਪਾਠਕਾਂ ਨਾਲ ਕੁਝ ਜਾਣ ਪਛਾਣ ਕਰਾਉਣ ਲਈ ਲਿਖੀਆਂ ਹਨ, ਪਰ ਮੇਰਾ ਵਿਸ਼ਵਾਸ ਹੈ ਕਿ ਦੁਆਬੇ ਦਾ ਇਹ ਨੌਜਵਾਨ ਤਰੱਕੀ ਪਸੰਦ ਕਵੀ, 'ਪਾਂਧੀ' ਦੀ ਰਾਹੀਂ ਬੜੀ ਛੇਤੀ ਹੀ ਅਪਣੀ ਜਾਣ ਪਛਾਣ ਕਰਵਾ ਲਵੇਗਾ। ਤੇ ਉਹ ਦਿਨ ਦੂਰ ਨਹੀਂ ਜਦੋਂ ਕਿ ਕਵੀ ਆਪਣੇ ਹੁਨਰ ਦੀ ਟੀਸੀ ਤੇ ਹੋਵੇਗਾ।

ਮੈਨੂੰ ਪੂਰਨ ਭਰੋਸਾ ਹੈ ਕਿ ਪੰਜਾਬੀ ਦੁਨੀਆਂ 'ਪਾਂਧੀ' ਨੂੰ ਜੀ ਆਇਆਂ ਆਖਕੇ ਲਿਖਾਰੀ ਦਾ ਹੋਰ ਭੀ ਹੌਸਲਾ ਵਧਾਵੇਗੀ।

ਪ੍ਰੇਮ ਨਗਰ, ਜਾਲੰਧਰ
ਅਪ੍ਰੈਲ ੧੯੪੩ } ਅਵਤਾਰ ਸਿੰਘ ਦਲੇਰ

# ਮੁਖ-ਸ਼ਬਦ

ਪ੍ਰੋ: ਪ੍ਰੀਤਮ ਸਿੰਘ ਐਮ. ਏ.
ਸਿਖ ਨੈਸ਼ਨਲ ਕਾਲਜ, ਲਾਹੌਰ

ਹਰ ਪੰਜਾਬੀ ਕੁਦਰਤੀ ਤੌਰ ਤੇ ਹੀ ਕਵੀ ਹੁੰਦਾ ਹੈ, ਪਰ ਪੰਜਾਬੀ ਸਾਹਿਤ ਵਿਚ ਹੁਣ ਤਾਈਂ ਕਈ ਵਸ਼ੇਸ਼ ਥਾਵਾਂ ਦੇ ਕਵੀਆਂ ਦੀ ਪ੍ਰਤਿਨਿਧਤਾ ਰਹੀ ਹੈ। ਹੁਣ ਜਿਉਂ ਜਿਉਂ ਪੰਜਾਬੀ ਦਾ ਪਿਆਰ ਦੂਰ ਦੁਰਾਡੀਆਂ ਨਕਰਾਂ ਨੂੰ ਆਪਣੇ ਕਲਾਵੇ ਵਿਚ ਲਿਆ ਰਿਹਾ ਹੈ ਤਿਉਂ ਤਿਉਂ ਉਥੋਂ ਦੀ ਪ੍ਰਧਾਨ ਸਾਹਿਤਕ ਰੁਚੀ (ਜਿਹੜੀ ਸਹਿਜ ਸੁਭਾ ਕਾਵਿ-ਮਈ ਹੁੰਦੀ ਹੈ) ਉਸ ਨੂੰ ਢੋਏ ਚਾੜ੍ਹਨ ਦਾ ਜਤਨ ਕਰਦੀ ਨਜ਼ਰ ਆ ਰਹੀ ਹੈ। ਮਿਸਾਲ ਵਜੋਂ ਜੁਗਾਂ ਜੁਗਾਂ ਤੋਂ ਦੋ ਪਾਸੀਂ ਵਗ ਰਹੇ ਦੋ ਪਾਣੀਆਂ ਦੀ ਮਸਤਾਨੀ ਚਾਲ ਨੇ ਦੋਆਬ ਦੇ ਕੰਨਾਂ ਨੂੰ ਰਾਗ ਤੇ ਲੈ ਦੀ ਕੀਮਤ ਤੋਂ ਜਾਣੂ ਕੀਤਾ ਹੋਇਆ ਹੈ। ਪਰ ਕੇਂਦਰ ਨਿਵਾਸੀਆਂ ਨੂੰ ਦੋਆਬੇ ਦੀ ਰਾਗ ਪ੍ਰੀਖਤਾ ਦਾ ਸਾਹਿਤਕ ਨਮੂਨਾ ਕੇਵਲ ਅਵਤਾਰ ਸਿੰਘ 'ਦਲੇਰ' ਵਿਚ ਹੀ ਜ਼ਰਾ ਮਾਸਾ ਮਿਲ ਸਕਦਾ ਹੈ। ਹੁਣ ਇਹ ਦੂਜਾ ਦੁਆਬੇ ਦਾ ਜੰਮ-ਪਲ ਹੈ ਜਿਹੜਾ ਆਪਣੀ ਨਰੋਈ ਕਵਿਤਾ ਦੇ ਬੱਲ ਬੋਤੇ ਤੇ ਦੁਆਬੇ ਦਾ ਚੰਗਾ ਕਵੀ ਮਿਥਿਆ ਜਾਣ ਦਾ ਹਕਦਾਰ ਹੈ।

ਮੇਰੇ ਖ਼ਿਆਲ ਵਿਚ ਕਿਸੇ ਦੀ ਕਾਮਯਾਬੀ ਦੀ ਅਸਲੀ ਕਸੌਟੀ ਇਹੀ ਹੋ ਸਕਦੀ ਹੈ ਕਿ ਓਹ ਅਪਣੇ ਛੋਟੇ ਜਹੇ ਦੁਆਲੇ ਵਿਚ ਲੋਕਾਂ ਨੂੰ ਕਿਤਨੀ ਖੁਸ਼ੀ, ਆਪਣੀ ਕਿਰਤ ਜਾਂ ਸ਼ਖਸੀਅਤ ਰਾਹੀਂ ਦੇ ਸਕਦਾ ਹੈ। ਹਰ ਇਕ ਆਦਮੀ, ਸਿਵਾਏ ਕੁਝ ਖਾਸ ਹਸਤੀਆਂ ਦੇ, ਸਾਰੀ ਦੁਨੀਆਂ ਵਿਚ ਜਾਂ ਸਾਰੇ ਮੁਲਕ ਵਿਚ ਮਸ਼ਹੂਰ ਨਹੀਂ ਹੋ ਸਕਦਾ; ਪਰ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.